Punjabi | ਪੰਜਾਬੀ

Australian Government

NATIONAL
CERVICAL SCREENING
PROGRAM
A joint Australian, State and Territory Government Program

# ਆਪਣੇ ਸਰਵਾਈਕਲ ਸਕ੍ਰੀਨਿੰਗ ਟੈਸਟ ਦੇ ਨਤੀਜਿਆਂ ਨੂੰ ਸਮਝਣਾ



## ਇਹ ਗਾਈਡ ਤੁਹਾਡੇ ਸਰਵਾਈਕਲ ਸਕ੍ਰੀਨਿੰਗ ਟੈਸਟ ਦੇ ਨਤੀਜਿਆਂ ਨੂੰ ਸਮਝਣ ਵਿੱਚ ਤੁਹਾਡੀ ਮੱਦਦ ਕਰਦੀ ਹੈ।

ਤੁਹਾਡਾ ਡਾਕਟਰ ਜਾਂ ਨਰਸ ਤੁਹਾਡੇ ਨਤੀਜਿਆਂ ਅਤੇ ਅਗਲੇ ਕਦਮਾਂ ਬਾਰੇ ਤੁਹਾਡੇ ਨਾਲ ਚਰਚਾ ਕਰਨਗੇ।

ਜੇ ਤੁਸੀਂ ਆਪਣੇ ਨਤੀਜਿਆਂ ਬਾਰੇ ਚਿੰਤਾ ਮਹਿਸੂਸ ਕਰ ਰਹੇ ਹੋ, ਤਾਂ ਇਹ ਕਿਸੇ ਵੀ ਸਵਾਲਾਂ ਨੂੰ ਪੁੱਛਣ ਜਾਂ ਉਨ੍ਹਾਂ ਨੂੰ ਦੱਸਣ ਦਾ ਚੰਗਾ ਸਮਾਂ ਹੈ।

### ਸਰਵਾਈਕਲ ਸਕ੍ਰੀਨਿੰਗ ਟੈਸਟ ਵਿੱਚ ਕੀ ਦੇਖਿਆ ਜਾਂਦਾ ਹੈ?

ਸਰਵਾਈਕਲ ਸਕ੍ਰੀਨਿੰਗ ਟੈਸਟ ਮਨੁੱਖੀ ਪੈਪੀਲੋਮਾ ਵਾਇਰਸ (HPV) ਦੀ ਲਾਗ ਦਾ ਪਤਾ ਲਗਾਉਂਦਾ ਹੈ।

HPV ਇੰਨਾ ਜ਼ਿਆਦਾ ਆਮ ਹੈ ਕਿ ਬਹੁਤ ਸਾਰੇ ਲੋਕਾਂ ਨੂੰ ਇਹ ਉਹਨਾਂ ਦੇ ਜੀਵਨ ਵਿੱਚ ਕਿਸੇ ਸਮੇਂ ਹੁੰਦਾ ਹੈ ਅਤੇ ਉਹਨਾਂ ਨੂੰ ਇਸ ਬਾਰੇ ਪਤਾ ਵੀ ਨਹੀਂ ਲੱਗਦਾ, ਕਿਉਂਕਿ ਇਸਦੇ ਆਮ ਤੌਰ 'ਤੇ ਕੋਈ ਲੱਛਣ ਨਹੀਂ ਹੁੰਦੇ ਹਨ।

ਪਰ ਜੇਕਰ HPV ਸਾਡੇ ਸਰੀਰ ਵਿੱਚ ਲੰਬੇ ਸਮੇਂ ਤੱਕ ਰਹਿੰਦਾ ਹੈ, ਤਾਂ ਇਹ ਸਮੱਸਿਆਵਾਂ ਪੈਦਾ ਕਰ ਸਕਦਾ ਹੈ ਜਿਸ ਨਾਲ ਸਰਵਾਈਕਲ ਕੈਂਸਰ ਹੋ ਸਕਦਾ ਹੈ। ਇਸ ਵਿੱਚ ਆਮ ਤੌਰ 'ਤੇ 10 ਤੋਂ 15 ਸਾਲ ਲੱਗਦੇ ਹਨ।

### ਮੇਰੇ ਟੈਸਟ ਦੇ ਨਤੀਜਿਆਂ ਦਾ ਕੀ ਮਤਲਬ ਹੈ?

ਤੁਹਾਡਾ ਡਾਕਟਰ ਜਾਂ ਨਰਸ ਤੁਹਾਡੇ ਸਰਵਾਈਕਲ ਸਕ੍ਰੀਨਿੰਗ ਟੈਸਟ ਦੇ ਨਤੀਜਿਆਂ ਬਾਰੇ ਤੁਹਾਡੇ ਨਾਲ ਗੱਲ ਕਰਨਗੇ ਅਤੇ ਤੁਹਾਡੇ ਕਿਸੇ ਵੀ ਸਵਾਲ ਦਾ ਜਵਾਬ ਦੇਣਗੇ।

Australian Government

NATIONAL CERVICAL SCREENING PROGRAM
A joint Australian, State and Territory Government Program

## ਆਪਣੇ ਟੈਸਟ ਦੇ ਨਤੀਜਿਆਂ ਨੂੰ ਸਮਝਣਾ

ਇਹ ਸੰਭਵ ਨਤੀਜੇ ਹਨ ਅਤੇ ਇਨ੍ਹਾਂ ਦਾ ਕੀ ਮਤਲਬ ਹੈ।

| | |
|---|---|
| 5 ਸਾਲਾਂ ਵਿੱਚ ਜਾਂਚ ਲਈ ਵਾਪਸ ਜਾਣਾ | ਤੁਹਾਡੇ ਨਮੂਨੇ ਵਿੱਚ ਕੋਈ HPV ਨਹੀਂ ਮਿਲਿਆ ਹੈ।<br>ਤੁਹਾਡਾ ਅਗਲਾ ਟੈਸਟ 5 ਸਾਲਾਂ ਬਾਅਦ ਹੈ। ਤੁਹਾਡੇ ਅਗਲੇ ਟੈਸਟ ਦੇ ਨਿਯਤ ਹੋਣ ਤੋਂ 3 ਮਹੀਨੇ ਪਹਿਲਾਂ ਤੁਹਾਨੂੰ ਯਾਦ ਕਰਾਇਆ ਜਾਵੇਗਾ। |
| ਆਪਣੇ ਸਿਹਤ ਸੰਭਾਲ ਪ੍ਰਦਾਤਾ ਦੁਆਰਾ ਲਏ ਜਾਣ ਵਾਲੇ ਨਮੂਨੇ ਰਾਹੀਂ ਟੈਸਟ ਕਰਵਾਉਣ ਲਈ ਵਾਪਸ ਜਾਓ। | ਤੁਸੀਂ ਆਪਣੇ ਟੈਸਟ ਲਈ ਆਪਣੇ-ਆਪ ਨਮੂਨਾ ਲਿਆ ਸੀ ਅਤੇ ਤੁਹਾਡੇ ਆਪਣੇ-ਆਪ ਨਮੂਨਾ ਲੈ ਕੇ ਕੀਤੇ ਗਏ ਟੈਸਟ ਵਿੱਚ HPV ਪਾਇਆ ਗਿਆ।<br>ਤੁਹਾਨੂੰ ਆਪਣੇ ਡਾਕਟਰ ਜਾਂ ਨਰਸ ਕੋਲ ਵਾਪਸ ਜਾਣ ਲਈ ਕਿਹਾ ਜਾਵੇਗਾ। ਉਹ ਇੱਕ ਹੋਰ ਨਮੂਨਾ ਲੈਣਗੇ ਜਿਸ ਵਿੱਚ ਸਰਵਾਈਕਲ ਸੈੱਲ ਸ਼ਾਮਲ ਹੋਣਗੇ। ਇਸ ਨਮੂਨੇ ਲਈ ਆਪਣੇ-ਆਪ ਨਮੂਨਾ ਲੈਣ ਦੀ ਵਰਤੋਂ ਕਰਨਾ ਸੰਭਵ ਨਹੀਂ ਹੈ। |
| 12 ਮਹੀਨਿਆਂ ਬਾਅਦ ਟੈਸਟ ਨੂੰ ਦੁਬਾਰਾ ਕਰਵਾਉਣਾ | ਤੁਹਾਡੇ ਨਮੂਨੇ ਵਿੱਚ HPV ਪਾਇਆ ਗਿਆ ਸੀ, ਪਰ ਤੁਹਾਡਾ ਸਰੀਰ ਸ਼ਾਇਦ ਇਸਨੂੰ ਆਪਣੇ-ਆਪ ਹੀ ਖ਼ਤਮ ਕਰ ਦੇਵੇਗਾ। ਦੁਬਾਰਾ ਟੈਸਟ ਕਰਵਾਉਣ ਤੋਂ ਪਹਿਲਾਂ 12 ਮਹੀਨੇ ਉਡੀਕ ਕਰਨਾ ਤੁਹਾਡੇ ਲਈ ਸੁਰੱਖਿਅਤ ਹੈ। |
| ਅਸੰਤੋਸ਼ਜਨਕ ਟੈਸਟ ਦੇ ਨਤੀਜੇ ਦੇ ਕਾਰਨ ਸਰਵਾਈਕਲ ਸਕ੍ਰੀਨਿੰਗ ਟੈਸਟ ਨੂੰ ਦੋਬਾਰਾ ਕਰਵਾਓ | ਲੈਬਾਰਟਰੀ ਤੁਹਾਡੇ ਨਮੂਨੇ ਤੋਂ ਨਤੀਜਾ ਪ੍ਰਾਪਤ ਨਹੀਂ ਕਰ ਸਕੀ। ਇਸਦਾ ਮਤਲਬ ਇਹ ਨਹੀਂ ਕਿ ਕੁੱਝ ਗਲਤ ਹੈ।<br>6 ਤੋਂ 12 ਹਫ਼ਤਿਆਂ ਵਿੱਚ ਦੁਬਾਰਾ ਆਪਣਾ ਟੈਸਟ ਕਰਵਾਉਣ ਲਈ ਬੁੱਕ ਕਰੋ। |
| ਕਿਸੇ ਮਾਹਰ ਕੋਲ ਜਾਓ | ਤੁਹਾਡੇ ਨਮੂਨੇ ਵਿੱਚ HPV ਪਾਇਆ ਗਿਆ ਸੀ ਅਤੇ HPV ਦੀ ਲਾਗ ਦੀ ਕਿਸਮ ਨੂੰ ਵਾਧੂ ਟੈਸਟਾਂ ਜਾਂ ਇਲਾਜ ਦੀ ਜ਼ਰੂਰਤ ਹੁੰਦੀ ਹੈ।<br>ਤੁਹਾਡਾ ਡਾਕਟਰ ਜਾਂ ਨਰਸ ਤੁਹਾਨੂੰ ਕਿਸੇ ਹੋਰ ਟੈਸਟ ਲਈ ਮਾਹਰ ਕੋਲ ਭੇਜਣਗੇ। |

### ਕੀ ਹੋਰ ਜਾਣਕਾਰੀ ਚਾਹੁੰਦੇ ਹੋ?

ਜੇਕਰ ਤੁਹਾਨੂੰ ਵਧੇਰੇ ਜਾਣਕਾਰੀ ਦੀ ਲੋੜ ਹੈ, ਤਾਂ ਆਪਣੇ ਡਾਕਟਰ, ਨਰਸ ਜਾਂ ਸਿਹਤ ਕਰਮਚਾਰੀ ਨਾਲ ਗੱਲ ਕਰੋ, www.health.gov.au/NCSP 'ਤੇ ਜਾਓ ਜਾਂ **1800 627 701** 'ਤੇ ਫ਼ੋਨ ਕਰੋ।

ਆਪਣੀ ਭਾਸ਼ਾ ਵਿੱਚ ਮੱਦਦ ਲਈ ਤੁਸੀਂ **131 450** 'ਤੇ ਟਰਾਂਸਲੇਟਿੰਗ ਐਂਡ ਇੰਟਰਪ੍ਰੇਟਿੰਗ ਸਰਵਿਸ (TIS National) ਨੂੰ ਫ਼ੋਨ ਕਰ ਸਕਦੇ ਹੋ।
ਅਨੁਵਾਦ ਕੀਤੀ ਜਾਣਕਾਰੀ ਲਈ www.health.gov.au/NCSP-multicultural 'ਤੇ ਜਾਓ।